CLASS : 12th (Sr. Secondary) **Code No. 3607**

Series : SS/Annual Exam.-2026

ਰੋਲ ਨੰ. | | | | | | | | | | |

SET : A

ਪੰਜਾਬੀ

PUNJABI

ACADEMIC/OPEN

(Only for Fresh/Re-appear/Improvement/Additional Candidates)

ਸਮਾਂ : 3 ਘੰਟੇ] ***[ਕੁਲ ਅੰਕ : 80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ* **8** *ਅਤੇ ਪ੍ਰਸ਼ਨ* **19** *ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ* ***ਕੋਡ ਨੰ.*** *ਅਤੇ* ***ਸੇਟ*** *ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਣ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਰੋਲ ਨੰਬਰ ਨੂੰ ਛੱਡ ਕੇ ਪ੍ਰਸ਼ਨ ਪੱਤਰ 'ਤੇ ਕੁਝ ਨਾ ਲਿਖੋ ਅਤੇ ਵਿਕਲਪਿਕ ਪ੍ਰਸ਼ਨਾਂ ਦੇ ਉੱਤਰਾਂ 'ਤੇ ਕੋਈ ਨਿਸ਼ਾਨ ਨਾ ਬਣਾਓ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ।* ***ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

www.mseducationtv.com

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

ਭਾਗ – (ੳ)

1. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ : 5

ਖੇਡਾਂ ਵਿਦਿਆਰਥੀਆਂ ਦੇ ਦਿਮਾਗੀ ਪੱਧਰ ਨੂੰ ਉੱਚਾ ਕਰਦੀਆਂ ਹਨ, ਕਿਉਂਕਿ ਨਰੋਏ ਸਰੀਰ ਵਿੱਚ ਹੀ ਨਰੋਆ ਦਿਮਾਗ ਹੁੰਦਾ ਹੈ। ਫੁੱਟਬਾਲ, ਹਾਕੀ, ਵਾਲੀਬਾਲ ਤੇ ਟੇਬਲ ਟੈਨਿਸ ਆਦਿ ਅਨੇਕਾਂ ਸਿਰਫ਼ ਖੇਡਾਂ ਨਹੀਂ ਹਨ, ਇਨ੍ਹਾਂ ਨੂੰ ਖੇਡਣ ਲਈ ਦਿਮਾਗ ਦੀ ਲੋੜ ਹੁੰਦੀ ਹੈ। ਉਦਾਹਰਨ ਲਈ ਵਾਲੀਬਾਲ ਖਿਡਾਰੀ ਇਸ ਗੱਲ 'ਤੇ ਦਿਮਾਗ ਲਗਾਉਂਦਾ ਹੈ ਕਿ ਉਹ ਕਿੰਨੇ ਜ਼ੋਰ ਨਾਲ ਬਾਲ ਨੂੰ ਮਾਰੇ ਤਾਂ ਜੋ ਬਾਲ ਗਰਾਊਂਡ ਦੀ ਨੁੱਕਰ ਵਿੱਚ ਪਵੇ, ਕਰੁੱਖੇ ਆ ਰਹੇ ਬਾਲ ਨੂੰ ਕਿਵੇਂ ਹੱਥ ਮਾਰੇ ਕਿ ਉਹ ਠੀਕ ਸੇਧ ਵਿੱਚ ਹੋ ਕੇ ਦੂਜੇ ਪਾਸੇ ਚਲਾ ਜਾਵੇ। ਕਿੰਨੇ ਜ਼ੋਰ ਨਾਲ ਬਾਲ ਨੂੰ ਮਾਰਿਆ ਜਾਵੇ ਕਿ ਉਹ ਗਰਾਊਂਡ ਤੋਂ ਬਾਹਰ ਨਾ ਡਿੱਗੇ। ਇੰਜ ਅੱਡ-ਅੱਡ ਖੇਡਾਂ ਖੇਡਣ ਵਾਲੇ ਖਿਡਾਰੀ ਆਪਣੇ ਦਿਮਾਗ ਦੀ ਵਰਤੋਂ ਕਰਦੇ ਹਨ। ਦਿਮਾਗ ਇੱਕ ਅਜਿਹੀ ਪੂੰਜੀ ਹੈ ਜੋ ਵਰਤਣ ਨਾਲ ਵਧਦੀ ਹੈ। ਸੋ, ਲਗਾਤਾਰ ਖੇਡਣ ਵਾਲਾ ਵਿਦਿਆਰਥੀ ਆਪਣੇ ਦਿਮਾਗ ਦਾ ਵਿਕਾਸ ਕਰਦਾ ਹੈ।

2. ਕਿਸੇ ਇੱਕ ਸਿੱਟੇ ਨੂੰ ਪ੍ਰਗਟ ਕਰਦੀ ਹੋਈ ***ਇੱਕ*** ਕਹਾਣੀ ਲਿਖੋ : 5

(ੳ) ਜੈਸੇ ਨੂੰ ਤੈਸਾ

(ਅ) ਅੰਤ ਭਲ੍ਹੇ ਦਾ ਭਲਾ

(ੲ) ਅੰਗੂਰ ਖੱਟੇ ਹਨ

3. ਹੇਠ ਲਿਖੇ ਸਾਹਿਤਕਾਰਾਂ ਵਿੱਚੋਂ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿੱਚ ਲਿਖੋ : 5

(ੳ) ਭਾਈ ਵੀਰ ਸਿੰਘ

(ਅ) ਗੁਰੂ ਨਾਨਕ ਦੇਵ

(ੲ) ਅੰਮ੍ਰਿਤਾ ਪ੍ਰੀਤਮ

www.mseducationtv.com

4. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : $1 \times 5 = 5$

(i) 'ਜਪੁਜੀ ਸਾਹਿਬ' ਕਿਸ ਦੀ ਰਚਨਾ ਹੈ ?

(ੳ) ਗੁਰੂ ਅਮਰਦਾਸ (ਅ) ਗੁਰੂ ਨਾਨਕ ਦੇਵ

(ੲ) ਗੁਰੂ ਅੰਗਦ ਦੇਵ (ਸ) ਗੁਰੂ ਰਾਮਦਾਸ

(ii) ਦਮੋਦਰ ਨੇ ਕਿਹੜਾ ਕਿੱਸਾ ਲਿਖਿਆ ?

(ੳ) ਹੀਰ ਰਾਂਝਾ (ਅ) ਲੈਲਾ ਮਜਨੂੰ

(ੲ) ਸੋਹਣੀ ਮਹੀਂਵਾਲ (ਸ) ਸ਼ੀਰੀਂ ਫਰਹਾਦ

(iii) ਸੂਫ਼ੀ ਕਾਵਿ-ਧਾਰਾ ਦਾ ਮੋਢੀ ਕੌਣ ਹੈ ?

(ੳ) ਬੁੱਲੇ ਸ਼ਾਹ (ਅ) ਦਮੋਦਰ

(ੲ) ਫਰੀਦ ਅਲੀ (ਸ) ਸ਼ੇਖ਼ ਫਰੀਦ

(iv) ਸ਼ਾਹ ਹੁਸੈਨ ਦੀ ਕਵਿਤਾ ਦਾ ਮੂਲ ਵਿਸ਼ਾ ਕੀ ਹੈ ?

(ੳ) ਪ੍ਰੇਮ (ਅ) ਬਿਰਹਾ ਅਤੇ ਤੜਪ

(ੲ) ਲੜਾਈ (ਸ) ਕੋਈ ਵੀ ਨਹੀਂ

(v) ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਦੱਸੋ।

(ੳ) ਬਾਰਾਂਮਾਹ (ਅ) ਪਹਿਰੇ

(ੲ) ਸੁਖਮਨੀ ਸਾਹਿਬ (ਸ) ਜਪੁਜੀ ਸਾਹਿਬ

5. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ : $1 \times 5 = 5$

(i) ਮੁਕਤ ਛੰਦ ਦਾ ਮੋਢੀ ਕੌਣ ਹੈ ?

(ੳ) ਪ੍ਰੋ. ਪੂਰਨ ਸਿੰਘ (ਅ) ਅੰਮ੍ਰਿਤਾ ਪ੍ਰੀਤਮ

(ੲ) ਬਾਵਾ ਬਲਵੰਤ (ਸ) ਦਲੀਪ ਕੌਰ

www.mseducationtv.com

(ii) ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕੌਣ ਹੈ?

(ੳ) ਭਾਈ ਵੀਰ ਸਿੰਘ (ਅ) ਪ੍ਰੋ. ਮੋਹਨ ਸਿੰਘ

(ੲ) ਧਨੀ ਰਾਮ ਚਾਤ੍ਰਿਕ (ਸ) ਪ੍ਰੋ. ਪੂਰਨ ਸਿੰਘ

(iii) 'ਬਿਰਹਾ ਦਾ ਕਵੀ' ਕੌਣ ਹੈ?

(ੳ) ਬਾਵਾ ਬਲਵੰਤ

(ਅ) ਸ਼ਿਵ ਕੁਮਾਰ ਬਟਾਲਵੀ

(ੲ) ਪ੍ਰੋ. ਮੋਹਨ ਸਿੰਘ

(ਸ) ਪ੍ਰੋ. ਪੂਰਨ ਸਿੰਘ

(iv) 'ਪ੍ਰੋ. ਮੋਹਨ ਸਿੰਘ' ਦੇ ਮਹਾਂਕਾਵਿ ਦਾ ਨਾਂ ਦੱਸੋ।

(ੳ) ਨਾਨਕਾਇਣ (ਅ) ਲੂਣਾ

(ੲ) ਕਾਗਜ਼ ਅਤੇ ਕੈਨਵਸ (ਸ) ਰਾਣਾ ਸੂਰਤ ਸਿੰਘ

(v) 'ਅੱਜ ਆਖਾਂ ਵਾਰਸ ਸ਼ਾਹ ਨੂੰ' ਕਿਸ ਦੀ ਰਚਨਾ ਹੈ?

(ੳ) ਅੰਮ੍ਰਿਤਾ ਪ੍ਰੀਤਮ (ਅ) ਸ਼ਿਵ ਕੁਮਾਰ

(ੲ) ਭਾਈ ਵੀਰ ਸਿੰਘ (ਸ) ਬਾਵਾ ਬਲਵੰਤ

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ*** ਜਾਂ ***ਦੋ ਸ਼ਬਦਾਂ*** ਵਿੱਚ ਲਿਖੋ : $1 \times 5 = 5$

(i) ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਹੋਇਆ?

(ii) ਪੰਜਾਬੀ ਨਿੱਕੀ ਕਹਾਣੀ ਨੂੰ ਪੱਛਮੀ ਤਕਨੀਕ ਅਨੁਸਾਰ ਕਿਸ ਨੇ ਢਾਲਿਆ?

(iii) 'ਖਾਨਾਬਦੋਸ਼' ਕਿਸ ਦੀ ਰਚਨਾ ਹੈ?

(iv) 'ਸ਼ਬਦਾਂ ਦਾ ਜਾਦੂਗਰ' ਕਿਸ ਨੂੰ ਕਿਹਾ ਜਾਂਦਾ ਹੈ?

(v) ਆਈ. ਸੀ. ਨੰਦਾ ਦਾ ਪੂਰਾ ਨਾਂ ਕੀ ਹੈ?

www.mseducationtv.com

ਭਾਗ – (ਅ)

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ-ਦੋ ਸ਼ਬਦਾਂ*** ਵਿੱਚ ਲਿਖੋ : $1 \times 3 = 3$

(i) ਕਵੀ ਪੂਰਨ ਸਿੰਘ ਕੀ ਬਣਨਾ ਚਾਹੁੰਦਾ ਹੈ?

(ii) ਰਾਧਾ ਆਪਣਾ ਸੰਦੇਸ਼ ਕਿਸ ਦੇ ਹੱਥ ਭੇਜਦੀ ਹੈ?

(iii) 'ਲੂਣਾ' ਕਵਿਤਾ ਦਾ ਕਵੀ ਕੌਣ ਹੈ?

8. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ : $1 \times 3 = 3$

(i) 'ਸ਼ੋਭਾ-ਸ਼ਕਤੀ' ਨਾਟਕ ਦੇ ਕੁੱਲ ਕਿੰਨੇ ਨਾਟ ਹਨ?

(ੳ) ਇੱਕ (ਅ) ਦੋ

(ੲ) ਤਿੰਨ (ਸ) ਚਾਰ

(ii) ਸ਼ੋਭਾ ਦੇ ਭਰਾ ਦਾ ਕੀ ਨਾਂ ਹੈ?

(ੳ) ਰਮੇਸ਼ (ਅ) ਸਤੀਸ਼

(ੲ) ਮਨੋਜ (ਸ) ਕੰਵਲ

(iii) ਸ਼ੋਭਾ ਰੇਖਾ ਦੀ ਕੀ ਲਗਦੀ ਹੈ?

(ੳ) ਮਾਂ (ਅ) ਭੈਣ

(ੲ) ਸੱਸ (ਸ) ਨੂੰਹ

9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ*** ਜਾਂ ***ਦੋ ਸ਼ਬਦਾਂ*** ਵਿੱਚ ਲਿਖੋ : $1 \times 3 = 3$

(i) 'ਠਾਣੇਦਾਰੀ' ਵਿਚਲੇ ਕੁੱਤੇ ਦਾ ਕੀ ਨਾਂ ਸੀ?

(ii) ਮਲਕ ਭਾਗੋ ਦੇ ਪੂੜੇ ਵਿੱਚੋਂ ਕੀ ਨਿਕਲਿਆ?

(iii) ਵੈਦਰ ਕਰਾਫ਼ਟ ਕਿਸ ਕਹਾਣੀ ਦਾ ਪਾਤਰ ਹੈ?

www.mseducationtv.com

10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ***ਦੋ*** ਦੇ ਉੱਤਰ ਲਿਖੋ : $2 \times 2 = 4$

(i) 'ਊਸ਼ਾ' ਕਵਿਤਾ ਵਿੱਚ ਕਿਸ ਗੱਲ ਦੀ ਯਾਚਨਾ ਕੀਤੀ ਗਈ ਹੈ?

(ii) ਸੰਦ ਅਤੇ ਹਥਿਆਰ ਵਿੱਚ ਕੀ ਫ਼ਰਕ ਹੈ?

(iii) 'ਦਾਗ਼' ਕਵਿਤਾ ਵਿੱਚ ਬੱਚਾ ਕਿਸ ਦਾ ਹੈ?

11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ : $2 \times 2 = 4$

(i) ਸ਼ੋਭਾ ਘਰ ਦਾ ਤਿਆਗ ਕਰਕੇ ਕਿੱਥੇ ਚਲੀ ਜਾਂਦੀ ਹੈ?

ਜਾਂ

ਨਾਟਕ ਦਾ ਪਹਿਲਾ ਨਾਟ ਕਦੋਂ ਅਤੇ ਕਿੱਥੇ ਵਾਪਰਦਾ ਹੈ?

(ii) ਸਤੀਸ਼ ਦੇ ਚਰਿੱਤਰ ਦੇ ਗੁਣ ਲਿਖੋ।

ਜਾਂ

ਰਮੇਸ਼ ਦੇ ਚਰਿੱਤਰ ਦੇ ਗੁਣ ਲਿਖੋ।

12. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ***ਦੋ*** ਦੇ ਉੱਤਰ ਸੰਖੇਪ ਵਿੱਚ ਲਿਖੋ : $2 \times 2 = 4$

(i) ਪਿਆਰ ਵਿੱਚ ਕਿਹੜੇ ਗੁਣ ਹਮੇਸ਼ਾ ਸਮੋਏ ਰਹਿੰਦੇ ਹਨ?

(ii) ਪ੍ਰੋ. ਰਿਗਜ਼ ਨਾਲ ਮੁਲਾਕਾਤ ਸਮੇਂ ਲੇਖਕ ਉੱਪਰ ਉਨ੍ਹਾਂ ਦਾ ਕੀ ਪ੍ਰਭਾਵ ਪਿਆ?

(iii) ਲੇਖਕ ਨੂੰ ਤੰਗ ਕੱਪੜੇ ਕਿਉਂ ਨਹੀਂ ਸਨ ਚੰਗੇ ਲੱਗਦੇ?

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ **20-25** ਸ਼ਬਦਾਂ ਵਿੱਚ ਲਿਖੋ : 3

'ਮੇਰਾ ਬਚਪਨ' ਕਵਿਤਾ ਵਿੱਚ ਪੇਸ਼ ਮਾਂ ਦੇ ਚਰਿੱਤਰ ਉੱਤੇ ਇੱਕ ਸੰਖੇਪ ਨੋਟ ਲਿਖੋ।

ਜਾਂ

ਲੱਖ ਗ਼ਰੀਬਾਂ ਮਜ਼ਦੂਰਾਂ ਦੇ ਹੰਝੂਆਂ 'ਤੇ ਪਲਣ ਵਾਲਾ ਹੁਸਨ, ਹੁਸਨ ਕਿਉਂ ਨਹੀਂ?

www.mseducationtv.com

14. ਹੇਠ ਲਿਖੇ ਪ੍ਰਸ਼ਨ ਦਾ ਉੱਤਰ **20-25** ਸ਼ਬਦਾਂ ਵਿੱਚ ਲਿਖੋ : 3

ਰਮੇਸ਼ ਅਤੇ ਸ਼ੋਭਾ ਦੇ ਝਗੜੇ ਦਾ ਕੀ ਕਾਰਨ ਸੀ ?

ਜਾਂ

'ਸ਼ੋਭਾ ਸ਼ਕਤੀ' ਨਾਟਕ ਵਿੱਚ ਇਸਤਰੀ ਦੀ ਕਿਹੜੀ ਇੱਛਾ ਰੂਪਮਾਨ ਹੁੰਦੀ ਹੈ ?

15. ਹੇਠ ਲਿਖੇ ਪ੍ਰਸ਼ਨ ਦਾ ਉੱਤਰ **20-25** ਸ਼ਬਦਾਂ ਵਿੱਚ ਲਿਖੋ : 3

ਏਵੀਆ ਦੇ ਚਸ਼ਮੇ ਬਾਰੇ ਤੁਸੀਂ ਕੀ ਜਾਣਦੇ ਹੋ ?

ਜਾਂ

ਮਲਕ ਭਾਗੋ ਦੇ ਅੰਦਰ 'ਵਾਹਿਗੁਰੂ' ਸ਼ਬਦ ਕਿਸ ਤਰ੍ਹਾਂ ਟਿਕਿਆ ?

16. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਲਿਖੋ : 5

ਨੰਗੀਆਂ ਨੰਗੀਆਂ ਟਾਹਣਾਂ
ਮੌਸਮ ਪਤਝੜ ਦਾ

ਹੁਣੇ ਹੁਣੇ ਮੀਂਹ ਪੈ ਕੇ ਹਟਿਆ
ਪਤ-ਹੀਣ ਟਾਹਣਾਂ ਸੰਗ ਲਟਕਣ
ਨਿੱਕੇ-ਨਿੱਕੇ ਕਿੰਨੇ ਜਲ-ਕਣ

ਜਾਂ

ਦੇਹ ਹਵਾ ਦਾ ਜੀਵਨ ਸਾਨੂੰ,
ਸਦਾ ਖੋਜ ਵਿੱਚ ਰਹੀਏ।
ਹਰ ਦਮ ਤਲਬ ਸੱਜਣ ਦੀ ਕਰੀਏ,
ਠੰਡੇ ਕਦੇ ਨਾ ਪਈਏ।
ਜੰਗਲ ਗਾਹੀਏ, ਰੇਤੜ ਵਾਹੀਏ,
ਨਾਲ ਪਹਾੜਾਂ ਖਹੀਏ।
ਇਕੋ ਸਾਹੇਂ ਭੱਜਦੇ ਜਾਈਏ,
ਕਿਸੇ ਪੜਾਅ ਨਾ ਲਹੀਏ।

www.mseducationtv.com

17. ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇੱਕ*** ਦਾ ਸਾਰ ਲਿਖੋ : 5

(ੳ) ਟੁਕੜੀ ਜਗ ਤੋਂ ਨਿਆਰੀ

(ਅ) ਮੇਰਾ ਬਚਪਨ

(ੲ) ਰਾਧਾ ਸੰਦੇਸ਼

18. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ***ਇੱਕ*** ਦਾ ਉੱਤਰ **40-50** ਸ਼ਬਦਾਂ ਵਿੱਚ ਲਿਖੋ : 5

(ੳ) 'ਸ਼ੋਭਾ-ਸ਼ਕਤੀ' ਨਾਟਕ ਦੇ ਕਿਸੇ ਇੱਕ ਅੰਕ ਦਾ ਸਾਰ ਲਿਖੋ।

(ਅ) 'ਸ਼ੋਭਾ-ਸ਼ਕਤੀ' ਨਾਟਕ ਦੀ ਨਾਇਕਾ ਸ਼ੋਭਾ ਦਾ ਚਰਿੱਤਰ ਚਿਤਰਨ ਕਰੋ।

19. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ***ਇੱਕ*** ਕਹਾਣੀ/ਲੇਖ ਦਾ ਸਾਰ ਲਿਖੋ : 5

(ੳ) ਬਾਬੇ ਵਰਿਆਮੇ ਦੀ ਦਿੱਬ ਦ੍ਰਿਸ਼ਟੀ

(ਅ) ਪਿਆਰ

(ੲ) ਘਰ ਵਿੱਚ ਹੀ ਗੁਰਿਆਈ

www.mseducationtv.com